[This question paper contains 2 printed pages.]

**Sr. No. of Question Paper : 5366** **G** **Your Roll No................**

Unique Paper Code : 212552

Name of the Paper : Punjabi Discipline – B

Name of the Course : **BA (Prog.)**

Semester : V

Duration : 3 Hours Maximum Marks : 75

**Instructions for Candidates**

1. Write your Roll No. on the top immediately on receipt of this question paper.

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **10**

   i. ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ॥
   ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
   ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥
   ਕਰਤਾ ਤੂੰ ਸਭਨਾ ਕਾ ਸੋਈ॥

   ਜਾਂ

   ii. ਫਰੀਦਾ ਲੋੜੇ ਦਾਖੁ ਬਿਜਉਰੀਆ ਕਿਕਰਿ ਬੀਜੈ ਜਟੁ॥
   ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ॥

2. 'ਭਾਈ ਗੁਰਦਾਸ' ਜਾਂ 'ਹਾਸ਼ਮ ਸ਼ਾਹ' ਦੀ ਕਾਵਿ ਕਲਾ ਬਾਰੇ ਨੋਟ ਲਿਖੋ। **15**

   ਜਾਂ

   ਮਧਕਾਲੀ ਪੰਜਾਬੀ ਕਵਿਤਾ ਨਾਲ ਜਾਣ ਪਛਾਣ ਕਰਾਓ।

3. ਹਰਚਰਨ ਸਿੰਘ ਦੇ ਨਾਟਕ 'ਕਲ ਅੱਜ ਤੇ ਭਲਕ' ਦੀ ਮੂਲ ਸਮਸਿਆ ਬਾਰੇ ਵਿਸਥਾਰ ਸਹਿਤ ਲਿਖੋ। **15**

4. ਹਰਚਰਨ ਸਿੰਘ ਦੇ ਨਾਟਕ 'ਕਲ ਅੱਜ ਤੇ ਭਲਕ' ਵਿਚ ਆਏ ਪਾਤਰਾਂ ਵਿਚੋਂ ਕਿਸੇ ਇਕ ਪਾਤਰ ਦਾ ਚਰਿਤ੍ਰ-ਚਿਤਰਣ ਕਰੋ। **10**

5. ਹੇਠ ਲਿਖਿਆਂ ਵਿਚੋਂ ਕਿਸੇ **ਇਕ** 'ਤੇ ਵਿਗਿਆਪਨ ਲਿਖੋ : **05**

   i) ਨਾਂ ਦੀ ਤਬਦੀਲੀ
   ii) ਰੈਡੀਮੇਡ ਕਪੜਿਆਂ ਦੀ ਸੇਲ
   iii) ਮਕਾਨ ਵਿਕਾਊ ਹੈ।

6. 'ਸ਼ਬਦ ਸ਼ਕਤੀ' ਤੋਂ ਕੀ ਭਾਵ ਹੈ? ਇਹ ਕਿੰਨੀ ਪ੍ਰਕਾਰ ਦੀ ਹੁੰਦੀ ਹੈ? ਕਿਸੇ ਇਕ ਬਾਰੇ ਵਿਸਥਾਰ ਵਿਚ ਜਾਣਕਾਰੀ ਦਿਉ। **05**

*P.T.O.*

7. ਹੇਠ ਲਿਖੇ ਸ਼ਬਦਾਂ ਦੇ ਸ਼ੁੱਧ ਸ਼ਬਦ-ਜੋੜ ਲਿਖੋ : 05

ਹੁਧਾਰ, ਗਯੇ, ਗਿਹਣਾ, ਸ਼ੈਰ, ਪਾਨੀ

8. ਹੇਠ ਲਿਖੇ ਸੰਕੇਤਾਂ ਦੀ ਸਹਾਇਤਾ ਨਾਲ ਕਹਾਣੀ ਰਚਨਾ ਕਰੋ : 05

ਇਕ ਕੀੜੀ ਨਦੀ ਵਿਚ ਰੁੜਦੀ..... ਘੁਗੀ ਉਸ ਦੀ ਮਦਦ ਕਰਦੀ..... ਇਕ ਪੱਤਾ ਨਦੀ ਵਿਚ ਸੁਟਦੀ..... ਕੀੜੀ ਦਾ ਬਚ ਜਾਣਾ..... ਕੀੜੀ ਦਾ ਉਸ ਨੂੰ ਲੜਨਾ.... ਘੁੱਗੀ ਦਾ ਉਡਣਾ.... ਕੀੜੀ ਦਾ ਧੰਨਵਾਦ ਕਰਨਾ।

9. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਤੇ ਸਿਰਲੇਖ ਵੀ ਦਿਉ : 05

ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇਕ ਜਾਂ ਦੋ ਫੈਸਲਿਆਂ ਵਿਚੋਂ ਹੈ। ਹਜ਼ਾਰਾਂ ਜ਼ਿੰਦਗੀਆਂ ਹਨ। ਹਰ ਕਸਮ ਵਿਚ ਬੇਸ਼ੁਮਾਰ ਅੱਕੇ ਥੱਕੇ ਕਾਰੀਗਰਾਂ ਦੀ ਝਾਕੀ ਦਿਸਦੀ ਹੈ ਪਰ ਜਦ ਤਕ ਇਕ ਕਾਰੀਗਰ ਨੂੰ ਆਪਣੇ ਕੰਮ ਵਿਚ ਰੋਜੀ ਤੋਂ ਛੁਟ ਇਕ ਅਨੰਦ ਜਿਹਾ ਪ੍ਰਾਪਤ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਕੰਮ ਵਿਚ ਕਮਾਲ ਦੀ ਆਸ ਰਖ ਸਕਦਾ ਹੈ ਤੇ ਨਾ ਉਸ ਦੇ ਵਸੀਲੇ ਨਾਲ ਆਪਣੀ ਆਤਮਾ ਵਿਚ ਖੇੜਾ ਲਿਆ ਸਕਦਾ ਹੈ ਤੇ ਯਾਦ ਰਹੇ ਕਿ ਜ਼ਿੰਦਗੀ ਨੂੰ ਸਫ਼ਲ ਤੌਰ ’ਤੇ ਚਾਲੂ ਰਖਣ ਲਈ ਗੁਜ਼ਾਰੇ ਨਾਲੋਂ ਖੇੜੇ ਦੀ ਲੋੜ ਵਧੇਰੇ ਹੈ। ਜਿਸ ਦਿਲ ਵਿਚ ਉਸ ਦੇ ਹਥਾਂ ਦੀ ਕਾਰ ਕਈ ਵਾਰੀ ਹੁਲਾਸ ਤੇ ਖੇੜਾ ਨਹੀਂ ਲਿਆਉਂਦੀ ਉਹ ਉਸ ਫੁੱਲ ਵਾਂਗ ਬੇਨਿਖਾਰ ਰਹਿੰਦਾ ਹੈ ਜਿਸ ਉੱਤੇ ਕਦੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ, ਨਾ ਅਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿਗਿਆ ਹੈ।